# 15

# ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇ ਖ਼ਤਰੇ

ਇਸ ਲੇਖ ਦੇ ਸਿਰਲੇਖ ਦਾ ਅਰਥ ਯਕੀਨਨ ਹੀ ਇਹ ਹੈ ਕਿ ਮੈਂ ਪ੍ਰੀਮਿਲੇਨੀਅਲਿਜ਼ਮ ਭਾਵ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਨੂੰ ਖ਼ਤਰਨਾਕ ਮੰਨਦਾ ਹਾਂ। ਮੇਰੇ ਅਜਿਹਾ ਸੋਚਣ ਦੇ ਕਈ ਕਾਰਣ ਹਨ। ਮੈਨੂੰ ਇਸ ਸਿੱਖਿਆ ਦੇ ਕਈ ਨਿਯਮਾਂ ਵਿਚ ਕੁਝ ਅਜਿਹੀਆਂ ਸਿੱਖਿਆਵਾਂ ਨਜ਼ਰ ਆਉਂਦੀਆਂ ਹਨ ਜੋ ਸੱਚੀ ਇੰਜੀਲ ਲਈ ਤਬਾਹਕੁੰਨ ਹਨ ਅਤੇ ਜੋ ਨਵੇਂ ਨੇਮ ਦੀ ਸਿੱਖਿਆ ਦੀਆਂ ਜੜ੍ਹਾਂ ਪੁੱਟਦੀਆਂ ਹਨ।

ਨਾਲੇ, ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਮੰਨਣ ਵਾਲਿਆਂ ਦੀਆਂ ਜ਼ਿੰਦਗੀਆਂ ਵਿਚ ਮੈਂ ਇਹਦੇ ਕੁਝ ਫਲ ਵੀ ਵੇਖੇ ਹਨ। ਮੈਂ ਲੋਕਾਂ ਨੂੰ ਇਸ ਸਿੱਖਿਆ ਨਾਲ ਇੰਨਾ ਮੋਹ ਕਰਦੇ ਵੇਖਿਆ ਹੈ ਕਿ ਲਗਦਾ ਹੈ ਕਿ ਉਹ ਇੰਜੀਲ ਦੀਆਂ ਮਹਾਨ ਸੱਚਾਈਆਂ ਨੂੰ ਵੀ ਭੁੱਲ ਗਏ ਹਨ ਜਿਹਦੇ ਨਾਲ ਉਹ ਕਦੇ ਸੰਤੁਸ਼ਟ ਹੁੰਦੇ ਸਨ। ਉਹ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੀ ਗੱਲ ਕਰਦੇ, ਉਹਦਾ ਪ੍ਰਚਾਰ ਕਰਦੇ ਅਤੇ ਉਸ ਬਾਰੇ ਲਿਖਦੇ ਹਨ। ਲਗਦਾ ਹੈ ਕਿ ਉਹ ਇਸ ਪ੍ਰਤੀ ਬਹੁਤ ਕੱਟੜ ਹੋ ਗਏ ਹਨ। ਉਨ੍ਹਾਂ ਲਈ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਇਕ ਮਹੱਤਵਪੂਰਨ ਸੰਦੇਸ਼ ਹੈ ਜਿਹਦਾ ਪ੍ਰਚਾਰ ਕਰਨਾ ਜ਼ਰੂਰੀ ਹੈ। ਉਹ ਅਜਿਹੀਆਂ ਕਲੀਸੀਆਵਾਂ ਤੋਂ ਪ੍ਰਹੇਜ਼ ਕਰਦੇ ਹਨ ਜੋ ਇਹਨੂੰ ਆਸਰਾ ਦੇਣ ਤੋਂ ਇਨਕਾਰ ਕਰਦੀਆਂ ਹਨ ਅਤੇ ਅਜਿਹੀਆਂ ਕਲੀਸੀਆਵਾਂ ਦੀ ਖੋਜ ਵਿਚ ਰਹਿੰਦੇ ਹਨ ਜੋ ਸਿੱਖਿਆ ਸਬੰਧੀ ਹੋਰ ਗੱਲਾਂ ਵਿਚ ਉਨ੍ਹਾਂ ਨਾਲ ਭਿੰਨਤਾ ਦੇ ਬਾਵਜੂਦ ਇਸ ਸਿੱਖਿਆ ਨੂੰ ਮੰਨਦੀਆਂ ਹਨ।

## ਹਜ਼ਾਰ-ਸਾਲਾ ਰਾਜ ਦੀ ਸਿੱਖਿਆ

ਪ੍ਰੀਮਿਲੇਨੀਅਲਿਜ਼ਮ ਭਾਵ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇ ਅਨੁਸਾਰ ਭਵਿੱਖ ਵਿਚ ਧਰਤੀ ਤੇ ਵਿਸ਼ਵਵਿਆਪੀ ਧਾਰਮਿਕਤਾ ਦੇ ਇਕ ਹਜ਼ਾਰ ਸਾਲ ਦਾ ਸਮਾਂ ਹੋਵੇਗਾ। ਇਸ ਸਿੱਖਿਆ ਅਨੁਸਾਰ, ਮਸੀਹ ਧਰਤੀ 'ਤੇ ਵਾਪਸ ਆ ਕੇ ਹਜ਼ਾਰ ਸਾਲ ਰਾਜ ਕਰੇਗਾ। ਹੋਰ ਵੀ ਗੱਲਾਂ ਹਨ ਪਰ ਸੰਖੇਪ ਵਿਚ ਇਹੀ ਕਾਫ਼ੀ ਹੈ।

ਬੇਸ਼ੱਕ ਬਾਈਬਲ ਇਸ ਸਿੱਖਿਆ ਦਾ ਵਿਰੋਧ ਕਈ ਤਰ੍ਹਾਂ ਨਾਲ ਕਰਦੀ ਹੈ। ਇਹ ਵਿਖਾਉਂਦੀ ਹੈ ਕਿ ਨਬੂਵਤ ਵਿਚ ਦੱਸਿਆ ਰਾਜ ਪਹਿਲਾਂ ਹੀ ਕਾਇਮ ਹੋ ਚੁੱਕਿਆ ਹੈ। ਇਹ ਵਿਖਾਉਂਦੀ ਹੈ ਕਿ ਮਸੀਹ ਹੁਣ ਦਾਊਦ ਦੀ ਗੱਦੀ 'ਤੇ ਰਾਜ ਕਰ ਰਿਹਾ ਹੈ। ਇਹ ਗੱਲਾਂ ਇਸ ਥਿਊਰੀ ਦਾ ਵਿਰੋਧ

ਕਰਦੀਆਂ ਹਨ ਅਤੇ ਬਾਈਬਲ ਵਿਚ ਇਨ੍ਹਾਂ ਦੀ ਸਿੱਖਿਆ ਸਾਫ਼ ਦਿੱਤੀ ਗਈ ਹੈ।

ਬਾਈਬਲ ਅਧਿਐਨ ਦਾ ਇਕ ਨਿਯਮ ਜੋ ਆਮ ਮੰਨਿਆ ਜਾਂਦਾ ਹੈ ਉਹ ਇਹ ਹੈ ਕਿ ਸੰਕੇਤਕ ਅਤੇ ਅਸਪੱਸ਼ਟ ਆਇਤਾਂ ਦੀ ਵਿਆਖਿਆ ਸਰਲ ਆਇਤਾਂ ਦੀ ਰੌਸ਼ਨੀ ਵਿਚ ਕੀਤੀ ਜਾਵੇ। ਪਰ ਪ੍ਰੀਮਿਲੇਨੀਅਲਿਸਟ ਭਾਵ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਆਦਮੀ ਨੂੰ ਪਹਿਲਾਂ ਮਨਵਾਉਣ ਜਾਂ ਫਿਰ ਅਣਗੌਲਿਆ ਕਰਨ ਲਈ ਸੰਕੇਤਕ ਆਇਤਾਂ ਦੀ ਵਿਆਖਿਆ ਕਰਨ ਅਤੇ ਫਿਰ ਅਸਾਨੀ ਨਾਲ ਸਮਝ ਆਉਣ ਵਾਲੀਆਂ ਆਇਤਾਂ ਵੱਲ ਝੁਕਣ ਦੀ ਆਦਤ ਹੁੰਦੀ ਹੈ।

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਬਾਈਬਲ ਵਿਚ ਵਿਸ਼ਵਾਸ ਰੱਖਣ ਦੀ ਬੜੀ ਸ਼ੇਖ਼ੀ ਮਾਰਦੇ ਹਨ ਅਤੇ ਦੂਜਿਆਂ 'ਤੇ ਇਨ੍ਹਾਂ ਉੱਤੇ ਵਿਸ਼ਵਾਸ ਨਾ ਕਰਨ ਦਾ ਦੋਸ਼ ਲਾਉਂਦੇ ਹਨ। ਉਨ੍ਹਾਂ ਦੇ ਵਿਚਾਰ ਨਾਲ ਜਦ ਕੋਈ ਕਿਸੇ ਰੂਪਕ ਨੂੰ ਰੂਪਕ ਨਾ ਮੰਨੇ ਤਾਂ ਉਨ੍ਹਾਂ ਨੂੰ ਲਗਦਾ ਹੈ ਉਹ ਬਾਈਬਲ ਵਿਚ ਵਿਸ਼ਵਾਸ ਨਹੀਂ ਕਰਦਾ। ਰੂਪਾਤਮਕ ਆਇਤਾਂ ਦੀਆਂ ਪਹਿਲੇ ਅਤੇ ਬਾਅਦ 'ਚ ਅਸਾਨੀ ਨਾਲ ਸਮਝ ਆਉਣ ਵਾਲੀਆਂ ਆਇਤਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਸੱਚਾਈ ਤਕ ਪਹੁੰਚਣ ਦਾ ਕੋਈ ਤਰੀਕਾ ਨਹੀਂ ਹੈ। ਇਹ ਤਾਂ ਕਿਸੇ ਵੀ ਕੀਮਤ 'ਤੇ ਉਸ ਗੁਮਰਾਹਕੁੰਨ ਸਿੱਖਿਆ ਨੂੰ ਬਣਾਈ ਰੱਖਣ ਦਾ ਇਕ ਉਪਰਾਲਾ ਹੈ।

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਇਸ 'ਤੇ ਵਿਸ਼ਵਾਸ ਕਰਨ ਵਾਲਿਆਂ 'ਤੇ ਇੰਨੀ ਛਾਈ ਹੋਈ ਹੈ ਕਿ ਉਨ੍ਹਾਂ ਨੂੰ ਇਹ ਕਿਸੇ ਵੀ ਹੋਰ ਗੱਲ ਨਾਲੋਂ ਵੱਧ ਪਿਆਰੀ ਹੈ, ਭਾਵੇਂ ਉਹ ਮੁਕਤੀ ਦੀ ਯੋਜਨਾ ਹੋਵੇ ਜਾਂ ਖ਼ੂਨ ਖਰੀਦੀ ਕਲੀਸੀਆ। ਇਸ ਥਿਊਰੀ ਕਰਕੇ ਇਹਦੇ ਮੰਨਣ ਵਾਲੇ ''ਕਲੀਸੀਆ ਦੇ ਯੁਗ'' ਅਤੇ ਪ੍ਰਭੂ ਦੀ ਕਲੀਸੀਆ ਨਾਲ ਜੁੜੀਆਂ ਸਿੱਖਿਆਵਾਂ ਨੂੰ ਦੂਜੀ ਥਾਂ ਦਿੰਦੇ ਹਨ। ਆਓ ਵੇਖੀਏ ਕਿ ਇਹ ਕਿਵੇਂ ਹੁੰਦਾ ਹੈ।

## ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲਿਆਂ ਦੇ ਤਰੀਕੇ ਅਤੇ ਚਲਾਕੀਆਂ

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਲੋਕ ਪੁਰਾਣੇ ਨੇਮ ਦੀਆਂ ਉਨ੍ਹਾਂ ਆਇਤਾਂ ਨੂੰ ਪੜ੍ਹਦੇ ਹਨ ਜਿਨ੍ਹਾਂ ਵਿਚ ਰਾਜ ਦੀ ਨਬੂਵਤ ਹੈ ਅਤੇ ਉਹ ਇਸ ਗੱਲ ਤੋਂ ਜਾਣੂ ਹਨ ਕਿ ਯੂਹੰਨਾ ਅਤੇ ਯਿਸੂ ਨੇ ਇਹਦੇ ''ਨੇੜੇ'' ਹੋਣ ਦਾ ਐਲਾਨ ਕੀਤਾ ਸੀ। ਪਰ ਉਹ ਇਸ ਸਿੱਟੇ 'ਤੇ ਪਹੁੰਚਦੇ ਹਨ ਕਿ ਇਹ ਕਾਇਮ ਨਹੀਂ ਹੋਇਆ ਸਗੋਂ ਇਹਨੂੰ ਮੁਲਤਵੀ ਕਰ ਦਿਤਾ ਗਿਆ ਸੀ। ਭਲਾ ਅਜਿਹੀ ਕੋਈ ਆਇਤ ਹੋ ਜਿਸ ਤੋਂ ਪਤਾ ਲਗਦਾ ਹੋਵੇ ਜਾਂ ਅਜਿਹਾ ਕੋਈ ਸੰਕੇਤ ਮਿਲਦਾ ਹੋਵੇ ਕਿ ਯਿਸੂ ਨੇ ਇਹਨੂੰ ਕਾਇਮ ਕਰਨਾ ਮੁਲਤਵੀ ਕਰ ਦਿੱਤਾ ਸੀ? ਨਹੀਂ। ਫਿਰ ਉਨ੍ਹਾਂ ਨੂੰ ਇਹ ਵਿਚਾਰ ਕਿਵੇਂ ਆਉਂਦਾ ਹੈ? ਉਹ ਪੁਰਾਣੇ ਨੇਮ ਵਿੱਚੋਂ ਰਾਜ ਅਤੇ ਰਾਜ ਗੱਦੀ ਦੀਆਂ ਆਇਤਾਂ ਪੜ੍ਹਦੇ ਹਨ ਅਤੇ ਨਿਚੋੜ ਕੱਢਦੇ ਹਨ ਕਿ ਇਕ ਸੰਸਾਰਕ, ਭੌਤਿਕ ਰਾਜ ਦੀ ਨਬੂਵਤ ਕੀਤੀ ਗਈ ਹੈ। ਉਹ ਯਿਸੂ ਅਤੇ ਯੂਹੰਨਾ ਵੱਲੋਂ ਐਲਾਨੇ ਰਾਜ ਬਾਰੇ ਅਜਿਹਾ ਹੀ ਸੋਚਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਲਗਦਾ ਕਿ ਯਿਸੂ ਨੇ ਰਾਜ ਕਾਇਮ ਕੀਤਾ ਹੈ, ਜਿਸ ਕਰਕੇ ਉਹ ਨਿਚੋੜ ਕੱਢ ਲੈਂਦੇ ਹਨ ਕਿ ਉਹਨੇ ਇਹਨੂੰ ਟਾਲ ਦਿੱਤਾ।

ਲਗਦਾ ਨਹੀਂ ਕਿ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲਿਆਂ ਨੂੰ ਨਬੀਆਂ ਰਾਹੀਂ ਦੱਸੇ ਅਤੇ ਯੂਹੰਨਾ ਅਤੇ ਯਿਸੂ ਵੱਲੋਂ ਐਲਾਨੇ ਰਾਜ ਦੇ ਸੁਭਾਅ ਦੀ ਆਪਣੀ ਧਾਰਨਾ ਗ਼ਲਤ ਲੱਗੇ। ਉਹ ਕਹਿੰਦੇ ਕਿ ਦਾਨੀਏਲ 2:44 ਵਿਚ ਰਾਜ ਦੀ ਨਬੂਵਤ ਕੀਤੀ ਗਈ ਸੀ ਅਤੇ ਉਹ ਰਾਜ

ਰੋਮੀ ਰਾਜਿਆਂ ਦੇ ਦਿਨਾਂ ਵਿਚ ਕਾਇਮ ਹੋਣਾ ਸੀ। ਉਹ ਮੰਨਦੇ ਹਨ ਕਿ ਯਿਸੂ ਰਾਜ ਦੀ ਸਥਾਪਨਾ ਲਈ ਪੂਰੇ ਮਨੋਂ ਆਇਆ ਸੀ। ਪਰ ਉਹ ਦਾਅਵਾ ਕਰਦੇ ਹਨ ਕਿ ਰਾਜ ਲਈ ਯਹੂਦੀ ਲੋਕ ਤਿਆਰ ਨਹੀਂ ਸਨ ਅਤੇ ਉਨ੍ਹਾਂ ਨੇ ਇਹਨੂੰ ਕਬੂਲ ਨਹੀਂ ਕਰਨਾ ਸੀ, ਇਸ ਕਰਕੇ ਯਿਸੂ ਲਈ ਇਹਨੂੰ ਟਾਲਣਾ ਜ਼ਰੂਰੀ ਹੋ ਗਿਆ ਸੀ।

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲਿਆਂ ਅਨੁਸਾਰ, ਰੋਮ ਫੇਰ ਤੋਂ ਬਣ ਜਾਵੇਗਾ ਅਤੇ ਇਕ ਵਾਰ ਫੇਰ ਤੋਂ ਧਰਤੀ 'ਤੇ ਰਾਜ ਕਰੇਗਾ। ਇਹ ਉਹ ਦਾਨੀਏਲ 2:44 ਦੀ ਨਬੂਵਤ ਨੂੰ ਪੂਰਾ ਕਰਨ ਲਈ ਆਖਦੇ ਹਨ। ਦੂਜੀ ਸੰਸਾਰ ਜੰਗ ਦੌਰਾਨ ਜਦ ਲੱਗਾ ਕਿ ਇਟਲੀ ਫੇਰ ਅੱਗੇ ਵਧੇਗਾ, ਤਾਂ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਲੇਖਕਾਂ ਦੀਆਂ ਕਲਮਾਂ ਬੜੀ ਫ਼ੁਰਤੀ ਨਾਲ ਚੱਲਣ ਲੱਗੀਆਂ ਸਨ; ਪਰ ਜਦ ਪ੍ਰਮੁੱਖ ਸ਼ਕਤੀਆਂ ਨੂੰ ਕੁਚਲ ਦਿੱਤਾ ਗਿਆ ਤਾਂ ਉਨ੍ਹਾਂ ਲਿਖਣਾ ਬੰਦ ਕਰ ਦਿੱਤਾ। ਭਲਾ ਇਹ ਸੱਚ ਹੋ ਸਕਦਾ ਹੈ ਕਿ ਯਿਸੂ ਦੇ ਸਮੇਂ ਵਿਚ ਉਹਨੂੰ ਨਾ ਮੰਨਣ ਵਾਲੇ ਯਹੂਦੀਆਂ ਵਾਂਗੂੰ, ਸਾਂਝੀਆਂ ਫ਼ੌਜਾਂ ਨੇ ਖ਼ੁਦਾ ਦੀਆਂ ਯੋਜਨਾਵਾਂ ਨੂੰ ਨਾਕਾਮ ਕਰ ਦਿੱਤਾ ਹੋਵੇ?

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਕਹਿੰਦੇ ਹਨ ਕਿ ਇਨ੍ਹਾਂ ਮਾਮਲਿਆਂ ਵਿਚ ਖ਼ੁਦਾ ਦੀ ਦੇਰੀ ਦਾ ਕਾਰਣ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ। ਲਗਦਾ ਹੈ ਕਿ ਜਦ ਉਹ ਕਿਸੇ ਯੋਜਨਾ ਨੂੰ ਖ਼ੁਦਾ ਦੀ ਦੱਸਦੇ ਹਨ ਅਤੇ ਉਹ ਗੱਲ ਹੋ ਨਹੀਂ ਪਾਉਂਦੀ, ਤਾਂ ਉਹ ਇਹ ਨਿਚੋੜ ਕੱਢਦੇ ਹਨ ਕਿ ਖ਼ੁਦਾ ਨੇ ਇਹਨੂੰ ਟਾਲ ਦਿੱਤਾ ਜਾਂ ਆਪਣੀ ਯੋਜਨਾ ਨੂੰ ਬਦਲ ਲਿਆ ਹੈ। ਇਹਦੀ ਥਾਂ, ਉਹ ਇਹ ਨਿਚੋੜ ਕਿਉਂ ਨਹੀਂ ਕੱਢਦੇ ਕਿ ਖ਼ੁਦਾ ਦੀਆਂ ਯੋਜਨਾਵਾਂ ਬਾਰੇ ਉਨ੍ਹਾਂ ਦੇ ਵਿਚਾਰ ਹੀ ਗ਼ਲਤ ਹਨ।

## ਹਜ਼ਾਰ-ਸਾਲਾ ਰਾਜ ਦੀਆਂ ਉਲਝਣਾਂ

ਜਿਸ ਰਾਜ ਦੀ ਪੁਰਾਣੇ ਨੇਮ ਵਿਚ ਨਬੂਵਤ ਕੀਤੀ ਗਈ ਸੀ ਉਹ ਕਾਇਮ ਹੋ ਚੁੱਕਿਆ ਹੈ। ਇਬਰਾਨੀਆਂ 12:28; ਕੁਲੁੱਸੀਆਂ 1:13 ਅਤੇ ਪ੍ਰਕਾਸ਼ ਦੀ ਪੋਥੀ 1:9 ਵਰਗੀਆਂ ਆਇਤਾਂ ਵਿਚ ਇਹਦਾ ਸਾਫ਼ ਸੰਕੇਤ ਹੈ। ਇਹ ਆਇਤ ਰਾਜ ਦੀ ਹੋਂਦ ਦਾ ਸੰਕੇਤ ਹੀ ਨਹੀਂ ਦਿੰਦੀਆਂ ਸਗੋਂ ਇਹਦਾ ਐਲਾਨ ਵੀ ਕਰਦੀਆਂ ਹਨ। ਇਬਰਾਨੀਆਂ 12:28 ਕਹਿੰਦਾ ਹੈ ''ਸਾਨੂੰ ਇਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ... ।'' ਕੁਲੁੱਸੀਆਂ 1:13 ਵਿਚ ਪੌਲੁਸ ਦੀ ਗੱਲ ਕਿ ਖ਼ੁਦਾ ਨੇ ''ਸਾਨੂੰ ... ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ'' ਇਹੀ ਪ੍ਰਭਾਵ ਦੇਣ ਲਈ ਸੀ। ਪ੍ਰਕਾਸ਼ ਦੀ ਪੋਥੀ 1:9 ਵਿਚ ਯੂਹੰਨਾ ਨੇ ਐਲਾਨ ਕੀਤਾ ਕਿ ਉਹ ''... ਰਾਜ ਵਿਚ ...'' ਇਕ ਭਾਈ ਸੀ।

ਖ਼ੁਦਾ ਨੇ ਮਸੀਹ ਨੂੰ ਦਾਊਦ ਦੀ ਗੱਦੀ 'ਤੇ ਬਿਠਾਉਣ ਲਈ ਮੁਰਦਿਆਂ ਵਿੱਚੋਂ ਜਿਵਾਲਿਆ (ਰਸੂਲਾਂ ਦੇ ਕੰਮ 2:20, 31), ''ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸਵਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ'' (ਅਫ਼ਸੀਆਂ 1:20)। ਮਸੀਹ, ''ਪਾਪਾਂ ਨੂੰ ਸਾਫ਼ ਕਰਕੇ ਪਰਮ ਧਾਮ ਵਿਚ ਵਿਰਾਜਮਾਨ ਹੋਇਆ'' (ਇਬਰਾਨੀਆਂ 1:3)। ਦਾਊਦ ਦਾ ਡੇਰਾ (ਰਸੂਲਾਂ ਦੇ ਕੰਮ 15:14-17) ਰੂਹਾਨੀ ਤੌਰ ਤੇ ਫੇਰ ਤੋਂ ਬਣਾਇਆ ਗਿਆ ਹੈ; ਇਸ ਕਰਕੇ, ਗ਼ੈਰ ਯਹੂਦੀ ਵੀ ਹੁਣ ਪਵਿੱਤਰ ਲੋਕਾਂ ਦੇ ਨਾਲ ਸੰਗੀ ਵਾਰਸ ਬਣਨ ਦਾ ਹੱਕ ਪਾ ਸਕਦੇ ਹਨ। ਫਿਰ ਪਵਿੱਤਰ ਲਿਖਤ ਵਿਚ ਇਸ ਤੁਲਨਾ ਤੋਂ ਸੰਕੇਤ ਮਿਲਦਾ ਹੈ ਕਿ ਕਲੀਸੀਆ ਹੀ ਮਸੀਹ

ਦਾ ਰਾਜ ਹੈ। ਉਹਦੀ ਇੱਕੋ ਹੀ ਦੇਹ ਹੈ ਅਤੇ ਉਹ ਆਪਣੇ ਰਾਜ 'ਤੇ ਰਾਜ ਕਰਦਾ ਹੈ ਅਤੇ ਆਪਣੀ ਕਲੀਸੀਆ ਦਾ ਸਿਰ ਹੈ, ਜਿਹਦਾ ਮਤਲਬ ਇਹ ਹੈ ਕਿ ਉਹ ਸਭ ਇੱਕੋ ਹੀ ਦੇਹ ਹਨ (ਅਫ਼ਸੀਆਂ 4:4)।

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਇਹ ਨਹੀਂ ਮੰਨਦੇ ਕਿ ਰਾਜ ਕਾਇਮ ਹੋ ਚੁੱਕਾ ਹੈ, ਪਰ ਉਹ ਇਹ ਮੰਨਦੇ ਹਨ ਕਿ ਕਲੀਸੀਆ ਕਾਇਮ ਹੋ ਚੁੱਕੀ ਹੈ। ਯਕੀਨਨ ਹੀ ਇਹਦਾ ਮਤਲਬ ਇਹ ਹੈ ਕਿ ਉਹ ਇਹ ਨਹੀਂ ਮੰਨਦੇ ਕਿ ਕਲੀਸੀਆ ਹੀ ਰਾਜ ਹੈ। ਫਿਰ ਉਹਦੇ ਮੁਤਾਬਕ ਕਲੀਸੀਆ ਦਾ ਖ਼ੁਦਾ ਦੀ ਯੋਜਨਾ ਵਿਚ ਕੀ ਯੋਗਦਾਨ ਹੈ?

ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਮੁਤਾਬਕ ਰਾਜ ਨੂੰ ਟਾਲਣ ਦੇ ਫ਼ੈਸਲੇ ਵੇਲੇ, ਉਹਦੀ ਥਾਂ ਕਲੀਸੀਆ ਨੂੰ ਰਾਜ ਦੇ ਬਦਲ ਦੇ ਰੂਪ ਵਿਚ ਬਣਾ ਦਿੱਤਾ ਗਿਆ ਸੀ। ਇਸ ਥਿਊਰੀ ਮੁਤਾਬਕ, ਜਦ ਯਿਸੂ ਨੇ ਵੇਖਿਆ ਕਿ ਰਾਜ ਕਾਇਮ ਨਹੀਂ ਹੋ ਸਕਦਾ ਹੈ ਤਾਂ ਉਹਨੇ ਕਲੀਸੀਆ ਬਨਾਉਣ ਦੀ ਆਪਣੀ ਇੱਛਾ ਦਾ ਐਲਾਨ ਕਰ ਦਿੱਤਾ। ਜੇ ਇਹ ਸਿੱਖਿਆ ਸਹੀ ਹੁੰਦੀ ਤਾਂ ਫਿਰ ਕਲੀਸੀਆ ਬਣਾਉਣ ਦੀ ਯਿਸੂ ਦੇ ਵਾਅਦੇ ਦੇ ਬਾਅਦ ਰਾਜ ਦੇ ਨੇੜੇ ਹੋਣ ਸਬੰਧੀ ਕਿਸੇ ਦੂਜੇ ਐਲਾਨ ਦੀ ਉਮੀਦ ਨਾ ਹੁੰਦੀ। ਇਹਦੇ ਉਲਟ ਸਾਨੂੰ ਇਹੀ ਗੱਲ ਮਿਲਦੀ ਹੈ। ਇਸ ਇਕ ਤੱਥ ਨਾਲ ਹੀ ਹਜ਼ਾਰ-ਸਾਲਾ ਰਾਜ ਦੀ ਥਿਊਰੀ ਹਮੇਸ਼ਾ ਲਈ ਖ਼ਤਮ ਹੋ ਜਾਣੀ ਚਾਹੀਦੀ ਹੈ। ਲੂਕਾ 10:9 ਵਿਚ ਸੱਤਰ ਚੇਲਿਆਂ ਨੂੰ ਇਹ ਪ੍ਰਚਾਰ ਕਰਨ ਲਈ ਕਿਹਾ ਗਿਆ ਸੀ ਕਿ ''ਖ਼ੁਦਾ ਦਾ ਰਾਜ ਨੇੜੇ ਆ ਪੁੱਜਿਆ ਹੈ।'' ਇਹ ਗੱਲ ਯਿਸੂ ਦੇ ਆਪਣੀ ਕਲੀਸੀਆ ਬਣਾਉਣ ਦੇ ਵਾਅਦੇ ਦੇ ਬਾਅਦ ਕਹੀ ਗਈ ਸੀ (ਮੱਤੀ 16:18)। ਸਾਨੂੰ ਕਿਵੇਂ ਪਤਾ? ਲੂਕਾ 10 ਵਿਚ ਸੱਤਰਾਂ ਨੂੰ ਦਿੱਤੇ ਗਏ ਲਿਮਿਟਡ ਕਮਿਸ਼ਨ (ਸੀਮਤ ਆਗਿਆ) ਭਾਵ ਲੂਕਾ 9 ਵਿਚ ਯਿਸੂ ਦੇ ਰੂਪ ਬਦਲਣ ਦੇ ਬਾਅਦ ਹੀ ਦਿੱਤਾ ਗਿਆ ਸੀ। ਪਰ ਮੱਤੀ 16 ਵਿਚ ਦਿੱਤਾ ਗਿਆ ਆਪਣੀ ਕਲੀਸੀਆ ਬਣਾਉਣ ਦਾ ਯਿਸੂ ਦਾ ਵਾਅਦਾ, ਉਹਦੇ ਰੂਪ ਬਦਲਣ ਤੋਂ ਪਹਿਲਾਂ ਦਿੱਤਾ ਗਿਆ ਸੀ,ਜੋ ਮੱਤੀ 17 ਵਿਚ ਦਿੱਤਾ ਗਿਆ ਹੈ। ਇਸ ਕਰਕੇ ਲੂਕਾ 10 ਵਿਚ ਰਾਜ ਦੇ ਨੇੜੇ ਹੋਣ ਦੀ ਯਿਸੂ ਦੀ ਗੱਲ ਮੱਤੀ 16 ਵਿਚ ਆਪਣੀ ਕਲੀਸੀਆ ਬਣਾਉਣ ਦੇ ਵਾਅਦੇ ਦੇ ਬਾਅਦ ਕਹੀ ਗਈ ਸੀ। ਦੂਜੇ ਸ਼ਬਦਾਂ ਵਿਚ, ਯਿਸੂ ਨੇ ਕਲੀਸੀਆ ਬਣਾਉਣ ਦੇ ਆਪਣੇ ਉਦੇਸ਼ ਦਾ ਐਲਾਨ ਕਰਨ ਦੇ ਬਾਅਦ ਹੀ ਐਲਾਨ ਕੀਤਾ ਕਿ ਰਾਜ ''ਨੇੜੇ'' ਹੈ।

ਕਲੀਸੀਆ ਦੇ ਯਿਸੂ ਦੇ ਐਲਾਨ ਦਾ ਇਹ ਅਰਥ ਨਹੀਂ ਸੀ ਕਿ ਰਾਜ ਦੇ ਵਾਅਦੇ ਨੂੰ ਛੱਡ ਦਿੱਤਾ ਗਿਆ ਹੈ। ਸੱਚਾਈ ਇਹ ਹੈ ਕਿ ਕਲੀਸੀਆ ਤਾਂ ਖ਼ੁਦਾ ਦੇ ਮਨ ਵਿਚ ਬਰਾਬਰ ਰਹੀ। ਅਫ਼ਸੀਆਂ 3 ਵਿਚ ਇਹਦੀ ਅਤੇ ਇਹਦੇ ਡਿਜ਼ਾਈਨ ਦੀ ਗੱਲ ਕਰਦਿਆਂ ਪੌਲੁਸ ਨੇ ਕਿਹਾ ਕਿ ਇਹ ''ਉਸ ਸਦੀਪਕ ਮਨਸ਼ਾ ਦੇ ਅਨੁਸਾਰ [ਸੀ] ਜਿਹੜੀ ਉਹਨੇ ਸਾਡੇ ਪ੍ਰਭੂ ਵਿਚ ਧਾਰੀ'' (ਅਫ਼ਸੀਆਂ 3:11)। ਇਸੇ ਅਧਿਆਇ ਵਿਚ ਆਪਣੇ ਸ਼ਾਨਦਾਰ ਹਮਦ ਵਿਚ ਪੌਲੁਸ ਨੇ ਕਿਹਾ, ''ਕਲੀਸੀਆ ਵਿਚ ਅਤੇ ਮਸੀਹ ਯਿਸੂ ਵਿਚ ਸਾਰੀਆਂ ਪੀੜ੍ਹੀਆਂ ਤਕ ਯੁੱਗੋ ਯੁੱਗ ਉਹਦੀ ਵਡਿਆਈ ਹੋਵੇ। ਆਮੀਨ'' (ਆਇਤ 21)। ''ਸਾਰੀਆਂ ਪੀੜ੍ਹੀਆਂ ਤਕ'' ਅਭਿਵਿਅਕਤੀ 'ਤੇ ਧਿਆਨ ਦਿਓ। ਹਾਂ, ਕਲੀਸੀਆ ਖ਼ੁਦਾ ਦੇ ਅਬਦੀ ਉਦੇਸ਼ ਵਿਚ ਸੀ ਅਤੇ ਉਹਦੀ ਵਡਿਆਈ ਇਹਦੇ ਰਾਹੀਂ ''ਸਾਰੀਆਂ ਪੀੜ੍ਹੀਆਂ ਤਕ'' ਹੁੰਦੀ ਰਹੇਗੀ। ਪੌਲੁਸ ਦਾ ਖ਼ਿਆਲ ਸੀ ਕਿ ਕਲੀਸੀਆ ਉਸ ਉਦੇਸ਼ ਦਾ ਪੂਰਾ ਹੋਣਾ ਹੈ ਜੋ ਖ਼ੁਦਾ ਦੇ ਮਨ ਵਿਚ ਸੀ, ਜਿਸ ਦੀਆਂ ਨਬੂਵਤਾਂ ਨਬੀਆਂ ਕੀਤੀਆਂ ਸਨ ਅਤੇ ਜਿਹਦਾ ਐਲਾਨ ਮਸੀਹ ਨੇ ਕੀਤਾ ਸੀ।

ਜੇ ਹਜ਼ਾਰ-ਸਾਲਾ ਰਾਜ ਦੀ ਸਿੱਖਿਆ ਸਹੀ ਹੈ, ਤਾਂ ਕਲੀਸੀਆ ਖ਼ੁਦਾ ਦੇ ਉਦੇਸ਼ ਵਿਚ ਕਿਵੇਂ ਸ਼ਾਮਲ ਹੋ ਸਕਦੀ ਸੀ? ਇਹ ਖ਼ੁਦਾ ਦੇ ਉਦੇਸ਼ ਵਿਚ ਨਹੀਂ ਹੋ ਸਕਦੀ ਸੀ। ਪੁਰਾਣੇ ਨੇਮ ਦੀ ਇਕ ਵੀ ਨਬੂਵਤ ਇਸ ਵਿਚ ਕਿਵੇਂ ਹੋ ਸਕਦੀ ਸੀ? ਕੋਈ ਨਹੀਂ। ਇਸ ਸਿੱਖਿਆ ਅਨੁਸਾਰ, ਮੂਲ ਉਦੇਸ਼ ਅਤੇ ਯੋਜਨਾ ਰਾਜ ਲਈ ਸਨ, ਪਰ ਰਾਜ ਦੇ ਠੁਕਰਾਏ ਜਾਣ ਦੇ ਬਾਅਦ ਕਲੀਸੀਆ ਨੂੰ ਇਕ ਬਦਲ ਦੇ ਰੂਪ ਵਿਚ ਦੇ ਦਿੱਤਾ ਗਿਆ ਸੀ।

ਭਲਾ ਮਸੀਹੀ ਯੁਗ ਸੰਯੋਗ ਨਾਲ ਮਿਲਿਆ ਯੁਗ ਹੈ? ਭਲਾ ਇਹ ਰਾਜ ਦਾ ਨਿਰਾਸ਼ਾਜਨਕ ਉਤਾਰ ਹੈ? ਭਲਾ ਇਹ ਰਾਜ ਦੇ ਆਉਣ ਤਕ ਉਹਦੇ ਉਹਦੀ ਥਾਂ ਭਰਨ ਲਈ ਉਹਦਾ ਬਦਲ ਹੈ? ਭਲਾ ਇਹ ਰਾਜ ਕਰਨ ਵਾਲਿਆਂ ਲਈ ਤਿਆਰੀ ਦੀ ਥਾਂ ਹੈ? ਨਹੀਂ।

ਇਸ ਕਰਕੇ ਇਹ ਸਮਝਣਾ ਔਖਾ ਨਹੀਂ ਹੈ ਕਿ ਕਲੀਸੀਆ, ਮੁਕਤੀ ਦੀ ਯੋਜਨਾ ਅਤੇ ਇਸ ਯੁਗ ਦੀਆਂ ਵਿਸ਼ੇਸ਼ ਗੱਲਾਂ ਹਜ਼ਾਰ-ਸਾਲਾ ਦੀ ਰਾਜ ਦੀ ਸਿੱਖਿਆ ਦੇਣ ਵਾਲਿਆਂ ਦੇ ਖਿਆਲ 'ਚ ਐਨੀ ਘੱਟ ਅਹਿਮੀਅਤ ਕਿਉਂ ਹੈ। ਇਹ ਸਿੱਖਿਆ ਆਪ ਹੀ ਉਨ੍ਹਾਂ ਨੂੰ *ਠਹਿਰਾਉਂਦੀ* ਹੈ। ਇਕ ਵੱਡੀ ਘਟਨਾ, ਭਾਵ ਸਿਖਰ ਤਾਂ ਅਜੇ ਆਉਣ ਵਾਲਾ ਹੈ ਅਤੇ ਉਹ ਓਸੇ ਦੀ ਉਡੀਕ ਵਿਚ ਹਨ। ਉਹ ਸਿਖਰ ਵਿਚ ਕੀ ਹੈ? ਇਕ ਸੰਸਾਰਕ ਰਾਜ ਜਿਸ ਵਿਚ ਯਹੂਦੀ ਧਰਮ ਦੇ ਰਸਮੋ ਰਿਵਾਜ਼ ਫੇਰ ਲਾਗੂ ਹੋ ਜਾਣਗੇ। ਮਸੀਹੀਅਤ ਦੀ ਸੱਚੀ ਰੂਹ ਦਾ ਕਿੰਨਾ ਵੱਡਾ ਵਿਗਾੜ ਹੈ ਇਹ ਸਿੱਖਿਆ! ਇਹ ਤਾਂ ਪਰਛਾਵਿਆਂ ਵੱਲ ਮੁੜਨਾ ਹੈ! ਇਹ ਖ਼ਤਰਨਾਕ ਹੈ।

## ਸਾਰ

ਜੇ ਖ਼ੁਦਾ ਦਾ ਕੋਈ ਰਾਜ ਹੈ ਜਾਂ ਕਦੀ ਹੋਵੇਗਾ ਤਾਂ ਉਹ ਸਿਰਫ਼ ਕਲੀਸੀਆ ਹੀ ਹੈ। ਇਹ ਉਸ ਦੇ ਅਬਦੀ ਉਦੇਸ਼ ਦਾ ਭਾਗ ਸੀ। ਨਵਾਂ ਨੇਮ ਇਹਨੂੰ ਬਹੁਤ ਅਹਿਮ ਦਰਜਾ ਦਿੰਦਾ ਹੈ। ਇਹ ਮਹਾਨ ਹੈ; ਇਹਦੇ ਸਾਹਮਣੇ ਹੋਰ ਸਭ ਅਦਾਰੇ ਬੌਣੇ ਲਗਦੇ ਹਨ। ਯਿਸੂ ਉੱਪਰ ਸਵਰਗ ਵਿਚ ਦਾਊਦ ਦੀ ਗੱਦੀ ਤੋਂ ਇਸ 'ਤੇ ਰਾਜ ਕਰ ਰਿਹਾ ਹੈ। ਉਹਨੇ ਉਦੋਂ ਤਕ ਰਾਜ ਕਰਨਾ ਹੈ ਜਦ ਤਕ ਉਹਦੇ ਸਭ ਵੈਰੀ ਉਹਦੇ ਪੈਰਾਂ ਥੱਲੇ ਨਹੀਂ ਆ ਜਾਂਦੇ। ''ਆਖਰੀ ਵੈਰੀ'' ਜਿਹਦਾ ਨਾਸ ਹੋਣਾ ਹੈ ਉਹ ''ਮੌਤ'' ਹੈ (1 ਕੁਰਿੰਥੀਆਂ 15:25, 26)। ਇਹਦਾ ਨਾਸ ਆਖ਼ਰੀ ਦਿਨ ਦੁਸ਼ਟਾਂ ਅਤੇ ਧਰਮੀਆਂ ਦੇ ਜੀ ਉੱਠਣ (ਯੂਹੰਨਾ 5:28, 29; 6:44; 12:48) ਸਮੇਂ ਹੋਵੇਗਾ।

''ਜੀ ਉੱਠਣਾ'' ਹੋਵੇਗਾ, ਜਿਵੇਂ ਕਿ ਰਸੂਲਾਂ ਦੇ ਕੰਮ 24:15 ਵਿਚ ਦੱਸਿਆ ਗਿਆ ਹੈ। ਸ਼ਾਬਦਿਕ ਹਜ਼ਾਰ ਸਾਲ ਦੇ ਕਾਲ ਵਾਲੇ ਦੋ ਜੀ ਉੱਠਣ ਨਹੀਂ ਹੋਣਗੇ, ਜਿਸ ਵਿਚ ਪਹਿਲਾਂ ਧਰਮੀ ਅਤੇ ਫਿਰ ਅਧਰਮੀ ਨੂੰ ਜੀ ਉੱਠਣ। ਅੰਤ ਦੇ ਦਿਨ ਜਦ ਮੁਰਦੇ ਜੀ ਉੱਠਣਗੇ ਅਤੇ ਦੁਸ਼ਮਣ ਦਾ ਨਾਸ ਹੋ ਜਾਵੇਗਾ, ਤਾਂ ਮਸੀਹ ਰਾਜ ਨੂੰ ਪਿਤਾ ਦੇ ਹੱਥ ਸੌਂਪ ਦੇਵੇਗਾ। ਇਹ ਉਹੀ ਰਾਜ ਹੈ ਜਿਸ 'ਤੇ ਪਤਾਲ ਦੇ ਫ਼ਾਟਕਾਂ ਦਾ ਵੱਸ ਨਹੀਂ ਹੋ ਸਕੇਗਾ ਭਾਵ ਉਹ ਨਾ ਹਿੱਲਣ ਵਾਲਾ ਰਾਜ ਹੈ, ਜੋ ਹਮੇਸ਼ਾ ਤਕ ਬਣਿਆ ਰਹਿਣਾ ਹੈ।

ਮਸੀਹੀ ਲੋਕਾਂ ਦਾ ਵਿਸ਼ਵਾਸ ਹੈ ਕਿ ਰੂਹ ਲਈ ਇਕ ਘਰ ਹੈ ਅਤੇ ਉਹ ਉਸ ਘਰ ਨੂੰ ਪਾਉਣ ਦੀ ਖ਼ਾਹਿਸ਼ ਕਰਦੇ ਹਨ। ਇਹ ਕਿਸੇ ਸੰਸਾਰਕ ਨਿਵਾਸ ਦੀ ਆਸ ਨਹੀਂ, ਸਗੋਂ ''ਇਕ ਅਵਿਨਾਸ਼ੀ ਅਤੇ ਨਿਰਮਲ, ਅਤੇ ਅਜਰ ਮਿਰਾਸ ਲਈ ਹੈ'' (1 ਪਤਰਸ 1:4)।